


# ਇੱਕ ਬਜਟ – ਇੱਕ ਖੁਸ਼ਹਾਲ ਅਤੇ ਨਿਆਂਕਾਰੀ ਓਨਟੇਰੀਓ ਲਈ

*ਓਨਟੇਰੀਓ ਦੀ ਨਵੀਂ ਸਰਕਾਰ ਰੁਜ਼ਗਾਰ ਸਿਰਜਦੀ ਅਤੇ ਲੋਕਾਂ ਦੀ ਹਿਮਾਇਤ ਕਰਦੀ ਹੈ*

**ਸਮਾਚਾਰ** 2 ਮਈ 2013

ਓਨਟੇਰੀਓ ਦਾ 2013 ਦਾ ਬਜਟ – ਇੱਕ ਖੁਸ਼ਹਾਲ ਅਤੇ ਨਿਆਂਕਾਰੀ ਓਨਟੇਰੀਓ – ਅਜਿਹੇ ਛੋਟੇ-ਛੋਟੇ ਨਿਵੇਸ਼ ਕਰਦਾ ਹੈ ਜੋ ਆਰਥਿਕਤਾ ਨੂੰ ਮਜ਼ਬੂਤ ਬਣਾਉਣਗੇ, ਨੌਜਵਾਨਾਂ ਲਈ ਰੁਜ਼ਗਾਰ ਸਿਰਜਣ ਵਿੱਚ ਮਦਦ ਕਰ ਰਿਹਾ ਹੈ, ਅਤੇ 2017-18 ਤਕ ਘਾਟੇ ਨੂੰ ਖਤਮ ਕਰਨ ਲਈ ਕਾਰਵਾਈ ਕਰ ਰਿਹਾ ਹੈ।

ਓਨਟੇਰੀਓ ਦਾ 2013 ਦਾ ਬਜਟ ਹੇਠ ਲਿਖੇ ਕਦਮਾਂ ਰਾਹੀਂ ਓਨਟੇਰੀਓ ਨੂੰ ਖੁਸ਼ਹਾਲ ਅਤੇ ਨਿਆਂਕਾਰੀ ਬਣਾਉਣ ਦਾ ਪ੍ਰਸਤਾਵ ਪੇਸ਼ ਕਰਦਾ ਹੈ:

- ਲਗਭਗ 30,000 ਨੌਜਵਾਨਾਂ ਲਈ ਰੁਜ਼ਗਾਰ ਸਿਰਜਣ ਅਤੇ ਸ਼ਾਗਿਰਦਗੀ ਦੇ ਮੌਕੇ ਪੈਦਾ ਕਰਨ ਲਈ ਆਉਣ ਵਾਲੇ ਦੋ ਸਾਲਾਂ ਦੌਰਾਨ $295 ਮਿਲੀਅਨ ਦੀ ਲਾਗਤ ਨਾਲ ਨੌਜਵਾਨਾਂ ਲਈ ਰੁਜਗਾਰ ਦੀ ਇੱਕ ਨੀਤੀ ਸਥਾਪਤ ਕਰਨਾ
- ਜਨਤਕ ਆਵਾਜਾਈ ਦੇ ਸਾਧਨਾਂ, ਸੜ੍ਹਕਾਂ, ਪੁਲਾਂ, ਹਸਪਤਾਲਾਂ ਅਤੇ ਸਕੂਲਾਂ ਲਈ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਰਾਹੀਂ ਰੁਜ਼ਗਾਰ ਪੈਦਾ ਕਰਨਾ
- ਨੱਬੇ ਲੱਖ ਡਰਾਈਵਰਾਂ ਵਾਸਤੇ ਮੋਟਰ ਗੱਡੀਆਂ ਦੇ ਬੀਮੇ ਵਿੱਚ ਔਸਨ 15 ਪ੍ਰਤੀਸ਼ਤ ਦੀ ਕਮੀ
- 46,000 ਹੋਰ ਵਿਅਕਤੀਆਂ ਨੂੰ ਆਪਣੇ ਘਰ ਦੇ ਆਰਾਮਦਾਇਕ ਮਾਹੌਲ, ਜਾਂ ਆਪਣੇ ਕਮਿਊਨਿਟੀ ਵਿੱਚ ਹੀ ਜਲਦੀ ਦੇਖ-ਰੇਖ ਹਾਸਲ ਕਰਨ ਵਿੱਚ ਮਦਦ ਦੇਣਾ
- ਰੁਜ਼ਗਾਰਦਾਤਾਵਾਂ ਲਈ ਸਿਹਤ ਟੈਕਸ (Employer Health Tax) ਵਿੱਚ ਤਨਖ਼ਾਹ ਦੇ ਕੁੱਲ $400,000 ਤੋਂ $450,000 ਦੇ ਭੁਗਦਾਨ ਉੱਤੇ ਛੋਟ ਦੇ ਕੇ ਛੋਟੇ ਕਾਰੋਬਾਰਾਂ ਲਈ ਟੈਕਸ ਵਿੱਚ ਰਾਹਤ ਮੁਹੱਈਆ ਕਰਨਾ
- ਵੈਲਫੇਅਰ ਪ੍ਰਣਾਲੀ ਨੂੰ ਤਬਦੀਲ ਕਰਨ ਲਈ ਕਦਮ ਚੁੱਕਣਾ ਤਾਂ ਜੋ ਵਧੇਰੇ ਪ੍ਰਾਪਤਕਰਤਾ ਨੌਕਰੀਆਂ ਲੱਭ ਸਕਣ ਅਤੇ ਆਪਣੀ ਵਿੱਤੀ ਸੁਰੱਖਿਆ ਸੁਧਾਰ ਸਕਣ।

ਸੰਨ 2012-13 ਦਾ ਘਾਟਾ ਹੁਣ ਅੰਦਾਜ਼ਨ $9.8 ਬਿਲੀਅਨ ਹੈ — 2012 ਦੇ ਬਜਟ ਦੀ ਪੇਸ਼ੀਨਗੋਈ ਤੋਂ $5.0 ਬਿਲੀਅਨ ਦਾ ਸੁਧਾਰ। ਹੁਣੇ ਹੀ ਖਤਮ ਹੋਇਆ ਵਿੱਤੀ ਸਾਲ ਲਗਾਤਾਰ ਚੌਥਾ ਅਜਿਹਾ ਸਾਲ ਹੈ ਜਦੋਂ ਸੂਬੇ ਨੇ ਪੇਸ਼ੀਨਗੋਈ ਕੀਤੇ ਘਾਟੇ ਤੋਂ ਘੱਟ ਘਾਟਾ ਦੱਸਿਆ ਹੈ – ਕਨੇਡਾ ਵਿੱਚ ਅਜਿਹੇ ਪੱਧਰ ਦੀ ਕਾਮਯਾਬੀ ਦਿਖਾਉਣ ਵਾਲੀ ਇਹ ਇੱਕੋ-ਇੱਕ ਸਰਕਾਰ ਹੈ। ਲਗਾਤਾਰ ਦੂਜੇ ਸਾਲ ਪ੍ਰੋਗਰਾਮਾਂ ਦੇ ਖ਼ਰਚਿਆਂ ਵਿੱਚ ਵਾਧਾ ਇੱਕ ਪ੍ਰਤੀਸ਼ਤ ਤੋਂ ਵੀ ਘੱਟ ਦਰਸ਼ਾਇਆ ਜਾ ਰਿਹਾ ਹੈ।

ਸੰਨ 2012-13 ਦੇ ਘਾਟੇ ਦੇ ਟੀਚੇ ਨੂੰ ਮਾਤ ਕਰਨ ਦੇ ਨਾਲ-ਨਾਲ ਸੂਬੇ ਦਾ ਇਹ ਅੰਦੇਸ਼ਾ ਵੀ ਹੈ ਕਿ 2013-14 ਲਈ 2012 ਦੇ ਬਜਟ ਵਿੱਚ ਦਰਸ਼ਾਏ $12.8 ਬਿਲੀਅਨ ਦੇ ਘਾਟੇ ਵਿੱਚ $1.0 ਬਿਲੀਅਨ ਦਾ ਸੁਧਾਰ ਹੋਵੇਗਾ। ਸੰਨ 2013-14 ਲਈ ਪ੍ਰੋਗਰਾਮਾਂ ਦੇ ਖ਼ਰਚਿਆਂ ਵਿੱਚ 2012 ਦੇ ਬਜਟ ਦੇ ਮੁਕਾਬਲੇ ਕੋਈ ਤਬਦੀਲੀ ਨਹੀਂ ਕੀਤੀ ਜਾ ਰਹੀ। ਸੰਨ 2013-14 ਤੋਂ ਬਾਅਦ ਲਈ ਸਰਕਾਰ 2012 ਦੇ ਬਜਟ ਵਿੱਚ ਦਰਸ਼ਾਏ ਘਾਟੇ ਦੇ ਲਗਾਤਾਰ ਘਟਦੇ ਟੀਚਿਆਂ ਨੂੰ ਹਾਸਲ ਕਰਨ ਲਈ ਲੀਹ ’ਤੇ ਹੈ ਅਤੇ ਸੰਨ 2017-18 ਤਕ $0.5 ਬਿਲੀਅਨ ਦਾ ਵਾਧਾ ਹਾਸਲ ਕਰ ਲਵੇਗੀ।

ਮੁੱਖ ਭਾਈਵਾਲਾਂ ਨਾਲ ਰਲ਼ ਕੇ ਯਤਨ ਕਰਦਿਆਂ ਸਰਕਾਰ ਛੇ-ਹਿੱਸਿਆਂ ਦੀ ਇੱਕ ਆਰਥਿਕ ਨਵੀਨੀਕਰਨ ਯੋਜਨਾ ਪੇਸ਼ ਕਰ ਰਹੀ ਹੈ ਜਿਸ ਨਾਲ ਵਿਕਾਸ ਅਤੇ ਰੁਜ਼ਗਾਰ ਸਿਰਜਣ ਦੇ ਨਵੇਂ ਮੌਕੇ ਓਨਟੇਰੀਓ ਦੀ ਆਰਥਿਕਤਾ ਹੱਥ ਆਉਣਗੇ।

1. **ਮੁਕਾਬਲੇ ਦਾ ਕਾਰੋਬਾਰੀ ਮਾਹੌਲ** — ਮੁਕਾਬਲੇ ਦੀ ਟੈਕਸ ਪ੍ਰਣਾਲੀ ਅਤੇ ਨਿਯਮਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤੇ ਜਾਣ ਨਾਲ ਰੁਜ਼ਗਾਰ ਸਿਰਜਣ ਅਤੇ ਆਰਥਿਕ ਵਿਕਾਸ ਲਈ ਨਵੇਂ ਕਾਰੋਬਾਰਾਂ ਵਿੱਚ ਨਵਾਂ ਨਿਵੇਸ਼ ਕੀਤੇ ਜਾਣ ਨੂੰ ਹੌਸਲਾ-ਅਫਜ਼ਾਈ ਮਿਲਦੀ ਹੈ
2. **ਆਧੁਨਿਕ ਬੁਨਿਆਦੀ ਢਾਂਚਾ** — ਜਨਤਕ ਆਵਾਜਾਈ, ਸੜ੍ਹਕਾਂ, ਸਕੂਲਾਂ ਅਤੇ ਹਸਪਤਾਲਾਂ ਵਿੱਚ ਨਿਵੇਸ਼ ਲਾਭਕਾਰੀ ਆਰਥਿਕਤਾ ਦੀ ਇੱਕ ਮੁੱਖ ਬੁਨਿਆਦ ਹੁੰਦੀ ਹੈ
3. **ਬੇਹੱਦ ਹੁਨਰਮੰਦ ਕਰਮਚਾਰੀ ਦਲ** — ਹੁਨਰਾਂ ਅਤੇ ਵਿੱਦਿਆ ਦੇ ਨਾਲ-ਨਾਲ ਯੁਵਕਾਂ ਲਈ ਰੁਜ਼ਗਾਰ ਸਿਰਜਣ ਵਿੱਚ ਨਿਵੇਸ਼ ਕਰਨ ਨਾਲ ਇਹ ਗੱਲ ਯਕੀਨੀ ਬਣਦੀ ਹੈ ਕਿ ਸੂਬੇ ਦੇ ਲੋਕ ਰੁਜ਼ਗਾਰਸ਼ੁਦਾ ਰਹਿਣ ਅਤੇ ਖੁਸ਼ਹਾਲ ਬਣ ਸਕਣ
4. **ਉੱਦਮਸ਼ੀਲਤਾ ਅਤੇ ਨਵੀਨਤਾ ਨੂੰ ਹੱਲਾਸ਼ੇਰੀ** — ਆਲਮੀ ਆਰਥਿਕਤਾ ਲਈ ਨਵੀਨਕਾਰੀ ਮਾਲ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਵਿਚਾਰਾਂ ਨੂੰ ਰੂਪ ਦੇਣ ਦੀ ਓਨਟੇਰੀਓ ਦੀ ਕਾਬਲੀਅਤ ਨੂੰ ਮਜਬੂਤ ਕਰਨਾ
5. **ਆਲਮੀ ਪਸਾਰ** — ਮਾਲ ਅਤੇ ਸੇਵਾਵਾਂ ਲਈ ਮੰਡੀ ਦੀ ਪਹੁੰਚ ਓਨਟੇਰੀਓ ਦੀਆਂ ਸਰਹੱਦਾਂ ਤੋਂ ਪਰ੍ਹੇ ਦੂਜਿਆਂ ਸੂਬਿਆਂ, ਅਮਰੀਕਾ, ਅਤੇ ਹੋਰ ਉੱਭਰਦੀਆਂ ਆਰਥਿਕਤਾਵਾਂ ਤਕ ਲਿਜਾਉਣ ਲਈ ਕਾਰੋਬਾਰਾਂ ਨਾਲ ਰਲ਼ ਕੇ ਯਤਨ ਕਰਨਾ
6. **ਸਜੀਵ ਅਤੇ ਮਜਬੂਤ ਕਮਿਊਨਿਟੀ** — ਸਾਰੀਆਂ ਕਮਿਊਨਿਟੀਆਂ ਅਤੇ ਖੇਤਰੀ ਆਰਥਿਕਤਾਵਾਂ ਨੂੰ ਰੁਜ਼ਗਾਰ ਸਿਰਜੇ ਜਾਣ ਅਤੇ ਆਰਥਿਕ ਵਾਧੇ ਤੋਂ ਲਾਭ ਲੈ ਸਕਣ ਵਿੱਚ ਮਦਦ ਕਰਨਾ।

ਨਵੀਂ ਸਰਕਾਰ ਓਨਟੇਰੀਓ ਦੇ ਪਰਿਵਾਰਾਂ ਲਈ ਹੋਰ ਵਧੇਰੇ ਹਿਮਾਇਤਾਂ ਪ੍ਰਦਾਨ ਕਰਨ ਲਈ ਕਦਮ ਚੁੱਕਣੇ ਵੀ ਜਾਰੀ ਰੱਖੇਗੀ। ਇਸ ਨਾਲ ਓਨਟੇਰੀਓ ਦੇ ਆਦਿਵਾਸੀ ਲੋਕਾਂ ਲਈ ਮੌਕਿਆਂ ਵਿੱਚ ਵੀ ਸੁਧਾਰ ਆਵੇਗਾ, ਸਭ ਤੋਂ ਵੱਧ ਮਜ਼ਲੂਮ ਵਿਅਕਤੀਆਂ ਦੀ ਹਿਫਾਜ਼ਤ ਹੋਵੇਗੀ ਅਤੇ ਸੁਰੱਖਿਅਤ ਅਤੇ ਮਜਬੂਤ ਕਮਿਊਨਿਟੀਆਂ ਉਸਰਨਗੀਆਂ।

ਓਨਟੇਰੀਓ ਦਾ 2013 ਦਾ ਬਜਟ ਹਰ ਕਿਸੇ ਦੇ ਲਾਭ ਲਈ ਇੱਕ ਨਿਆਂਕਾਰੀ ਅਤੇ ਖੁਸ਼ਹਾਲ ਸੂਬਾ ਉਸਾਰੇਗਾ।

### ਕਥਨ

"ਨਵੀਂ ਸਰਕਾਰ ਓਨਟੇਰੀਓ ਦੇ ਸਾਰੇ ਲੋਕਾਂ ਦੀ ਮਦਦ ਕਰਨ ਅਤੇ 2017-18 ਤਕ ਘਾਟੇ ਨੂੰ ਖਤਮ ਕਰਨ ਦਾ ਪੱਕਾ ਇਰਾਦਾ ਰੱਖਦੀ ਹੈ। ਆਪਣੇ ਵਿੱਤੀ ਟੀਚਿਆਂ ਨੂੰ ਮਾਤ ਪਾ ਕੇ ਅਸੀਂ ਉਨ੍ਹਾਂ ਖੇਤਰਾਂ ਵਿੱਚ ਨਿਵੇਸ਼ ਕਰਦੇ ਰਹਾਂਗੇ ਜਿਹੜੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਤ ਕਰਦੇ ਹਨ। ਅਸੀਂ ਸਿਹਤ ਦੇਖ-ਰੇਖ ਅਤੇ ਵਿੱਦਿਆ ਨੂੰ ਸੁਰੱਖਿਅਤ ਕਰ ਰਹੇ ਹਾਂ। ਅਸੀਂ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰ ਰਹੇ ਹਾਂ। ਆਰਥਿਕਤਾ ਨੂੰ ਮਜਬੂਤ ਕਰਨ ਦਾ ਸਾਡਾ ਸਾਵਾਂ ਢੰਗ ਸਭਨਾਂ ਲਈ ਰੁਜ਼ਗਾਰ ਸਿਰਜਣ ਅਤੇ ਇੱਕ ਨਿਆਂਕਾਰੀ ਓਨਟੇਰੀਓ ਬਣਾਉਣ ਵਿੱਚ ਮਦਦ ਦੇਵੇਗਾ।"

— Charles Sousa, ਵਿੱਤ ਮੰਤਰੀ (Minister of Finance)

### ਫੁਰਤੀਲੇ ਤੱਥ

- ਸਰਕਾਰ ਹਕੀਕੀ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿੱਚ ਸੰਨ 2013 ਵਿੱਚ 1.5 ਪ੍ਰਤੀਸ਼ਤ, 2014 ਵਿੱਚ 2.3 ਪ੍ਰਤੀਸ਼ਤ, ਅਤੇ 2015 ਅਤੇ 2016, ਦੋਵਾਂ ਸਾਲਾਂ ਲਈ 2.4 ਪ੍ਰਤੀਸ਼ਤ ਦਾ ਵਾਧਾ ਦਰਸ਼ਾ ਰਹੀ ਹੈ।
- ਸਰਕਾਰ ਨੇ 1,000 ਅਦਾਰਿਆਂ ਨਾਲ ਬਜਟ ਤੋਂ ਪਹਿਲਾਂ ਦੇ ਮਸ਼ਵਰੇ ਕੀਤੇ ਅਤੇ ਓਨਟੇਰੀਓ ਭਰ ਦੇ ਕਮਿਊਨਿਟੀਆਂ ਵਿੱਚ ਫ਼ੋਨ ਰਾਹੀਂ ਨਾਗਰਿਕ ਸਭਾਵਾਂ ਵਿੱਚ 600,000 ਤੋਂ ਵਧੇਰੇ ਪਰਿਵਾਰਾਂ ਦੇ ਵਿਚਾਰ ਹਾਸਲ ਕੀਤੇ।
- ਇਸ ਵੇਲ਼ੇ ਕਨੇਡਾ ਵਿਚਲੀਆਂ ਸਿਰਫ਼ ਦੋ ਸਰਕਾਰਾਂ ਵਿੱਚੋਂ ਓਨਟੇਰੀਓ ਇੱਕ ਹੈ ਜੋ 2012-13 ਦੇ ਆਪਣੇ ਵਿੱਤੀ ਟੀਚਿਆਂ ਨੂੰ ਮਾਤ ਪਾਉਣ ਲਈ ਲੀਹ 'ਤੇ ਹੈ। ਇਹ ਨਤੀਜੇ ਇਸ ਲਈ ਹਨ ਕਿਉਂਕਿ ਸਰਕਾਰ ਦਾ ਧਿਆਨ 2017-18 ਤਕ ਘਾਟੇ ਨੂੰ ਖਤਮ ਕਰਨਾ ਹੈ – ਇਹ

../3

ਇਰਾਦੇ ਦੀ ਇੱਕ ਅਜਿਹੀ ਪਕਿਆਈ ਹੈ ਜੋ ਇੱਕ ਵਾਰੀ ਬਜਟ ਸੰਤੁਲਤ ਹੋ ਜਾਣ ਉਪ੍ਰੰਤ ਖਾਲਸ ਕਰਜ਼ੇ ਦੇ ਜੀ.ਡੀ.ਪੀ. ਨਾਲ ਅਨੁਪਾਤ ਨੂੰ ਮੰਦਵਾੜੇ ਤੋਂ ਪਹਿਲਾਂ ਦੇ 27 ਪ੍ਰਤੀਸ਼ਤ ਦੇ ਪੱਧਰ ਤਕ ਲਿਆਉਣ ਦੇ ਟੀਚੇ ਨਾਲ ਹੋਰ ਪੁਖ਼ਤਾ ਹੁੰਦੀ ਹੈ।

- ਜੂਨ 2009 ਤੋਂ ਲੈ ਕੇ ਓਨਟੇਰੀਓ ਨੇ ਲਗਭਗ 400,000 ਰੁਜ਼ਗਾਰ ਸਿਰਜਕੇ ਮੰਦਵਾੜੇ ਦੌਰਾਨ ਅਲੋਪ ਹੋਏ ਸਾਰੇ ਰੁਜ਼ਗਾਰ ਮੁੜ ਹਾਸਲ ਕਰ ਲਏ ਹਨ। ਰੁਜ਼ਗਾਰ ਦਾ ਇਸ ਵੇਲ਼ੇ ਦਾ ਪੱਧਰ ਮੰਦਵਾੜੇ ਤੋਂ ਪਹਿਲਾਂ ਦੇ ਸਿਖ਼ਰ ਤੋਂ 130,000 ਰੁਜ਼ਗਾਰ ਵਧੇਰੇ ਹੈ।

- ਓਨਟੇਰੀਓ ਵੱਲੋਂ ਬੁਨਿਆਦੀ ਢਾਂਚੇ ਵਿੱਚ $35 ਬਿਲੀਅਨ ਤੋਂ ਵੀ ਵਧੇਰੇ ਦੇ ਵਿਉਂਤੇ ਨਿਵੇਸ਼ਾਂ ਨਾਲ ਅਗਲੇ ਤਿੰਨ ਸਾਲਾਂ ਦੌਰਾਨ ਹਰ ਸਾਲ ਔਸਤਨ 100,000 ਤੋਂ ਵੀ ਵਧੇਰੇ ਰੁਜ਼ਗਾਰਾਂ ਨੂੰ ਹਿਮਾਇਤ ਮਿਲੇਗੀ।

- ਸਰਕਾਰ ਓਨਟੇਰੀਓ ਦੀਆਂ ਜਨਤਕ ਸੇਵਾਵਾਂ ਵਿੱਚ ਸੁਧਾਰ ਦੇ ਕਮਿਸ਼ਨ (Commission on the Reform of Ontario's Public Services) ਦੀਆਂ 362 ਸਿਫਾਰਸ਼ਾਂ ਵਿੱਚੋਂ 60 ਪ੍ਰਤੀਸ਼ਤ ਨੂੰ ਮੰਨ ਕੇ, ਅਤੇ ਬਾਕੀ ਦੀਆਂ ਨੂੰ ਲਾਗੂ ਕਰਨ ਬਾਰੇ ਵਿਚਾਰ ਕਰ ਕੇ ਅੱਗੇ ਵੱਲ ਵਧ ਰਹੀ ਹੈ।

**ਵਧੇਰੇ ਜਾਣਕਾਰੀ ਹਾਸਲ ਕਰੋ**

ਬਜਟ ਪੜ੍ਹੋ।

ਬਜਟ ਭਾਸ਼ਨ ਵੇਖੋ।

ਬਜਟ ਫੋਟੋਆਂ ਵੇਖੋ।

ਬਜਟ ਬਾਰੇ ਪਿਛੋਕੜ ਦੀ ਜਾਣਕਾਰੀ ਪੜ੍ਹੋ:
- ਓਨਟੇਰੀਓ ਦੀ ਆਰਥਿਕ ਰੂਪਰੇਖਾ ਅਤੇ ਵਿੱਤੀ ਵਿਉਂਤ
- ਪੈਸੇ ਦੀ ਬਚਤ ਕਰਨ ਵਿੱਚ ਓਨਟੇਰੀਓ ਦੇ ਡਰਾਈਵਰਾਂ ਦੀ ਮਦਦ ਕਰਨਾ
- ਇੱਕ ਨਿਆਂਕਾਰੀ ਸਮਾਜ
- ਓਨਟੇਰੀਓ ਟ੍ਰਿਲੀਅਮ ਬੈਨੀਫਿਟ: ਲੋਕਾਂ ਲਈ ਵਧੇਰੇ ਰਾਸਤੇ
- ਨੌਜਵਾਨਾਂ ਲਈ ਰੁਜ਼ਗਾਰ ਸਿਰਜਣਾ

ਬਜਟ ਦੇ ਮੁੱਖ ਅੰਸ਼ ਪੜ੍ਹੋ

**ਸਿਰਫ਼ ਮੀਡੀਆ ਪੁੱਛ-ਗਿੱਛ ਲਈ:**
Susie Heath, ਮੰਤਰੀ ਦਾ ਦਫ਼ਤਰ (Minister's Office), 416-325-3645
Scott Blodgett, ਵਿੱਤ ਮੰਤਰਾਲਾ (Ministry of Finance), 416-325-0324

**ontario.ca/finance-news**

**ਜਨਤਕ ਪੁੱਛ-ਗਿੱਛ ਲਈ ਫ਼ੋਨ ਕਰੋ:**
1-800-337-7222
ਟੀ.ਟੀ.ਵਾਈ.: 1-800-263-7776